# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਮੰਗਲਵਾਰ, ਮਿਤੀ 12 ਅਗਸਤ, 2014 ਨੂੰ 11.30 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।**

**ਹਾਜ਼ਰ:-**

1. ਡਾ. ਅ.ਸ. ਬਰਾੜ<br>ਉਪ-ਕੁਲਪਤੀ . . . (ਸਭਾਪਤੀ)
2. ਡਾ. ਅੰਮ੍ਰਿਤਪਾਲ ਕੌਰ
3. ਸ਼੍ਰੀ ਆਸਾ ਰਾਮ
4. ਡਾ.(ਮਿਸਿਜ਼) ਆਸ਼ਾ ਨਾਰੰਗ
5. ਡਾ. ਅਮਰਜੀਤ ਸਿੰਘ ਸਿੱਧੂ
6. ਡਾ. ਚਰਨਜੀਤ ਸਿੰਘ ਬੱਲ
7. ਡਾ. ਐਚ.ਐਸ. ਭਾਟੀਆ
8. ਡਾ. ਹਰਬੀਰ ਸਿੰਘ ਮਾਣਕੂ
9. ਡਾ. ਇਕਬਾਲ ਸਿੰਘ
10. ਡਾ.(ਮਿਸਿਜ਼)ਜਸਮੀਤ ਸੰਧੂ
11. ਸ. ਜਗਦੀਸ਼ ਸਿੰਘ
12. ਸ਼੍ਰੀਮਤੀ ਜੋਤੀ ਸੈਣੀ
13. ਡਾ. ਕਮਲੇਸ਼ ਸਿੰਘ ਦੁੱਗਲ
14. ਸ਼੍ਰੀਮਤੀ ਮਨਜੀਤ ਕੌਰ
15. ਸ਼੍ਰੀਮਤੀ ਨਿਰਮਲਜੀਤ ਕੌਰ ਗਰੇਵਾਲ
16. ਸ. ਨਾਨਕ ਸਿੰਘ
17. ਸ਼੍ਰੀ ਪ੍ਰਮੋਦ ਸ਼ਰਮਾ
18. ਡਾ. ਰਵੀ ਚਾਂਦ ਸਿੰਘ
19. ਡਾ.(ਮਿਸਿਜ਼) ਰੁਪਿੰਦਰਜੀਤ ਕੌਰ ਗਰੇਵਾਲ
20. ਸ਼੍ਰੀ ਆਰ.ਐਸ. ਕਾਲੜਾ
21. ਡਾ. ਰਾਏ ਜਸਬੀਰ ਸਿੰਘ
22. ਮਿਸ ਰਮਾ ਰਾਣੀ
23. ਸ਼੍ਰੀ ਰਜਨੀਸ਼ ਕੁਮਾਰ
24. ਡਾ. ਸੁਖਦੇਵ ਸਿੰਘ

25. ਡਾ. ਸੁਬੋਧ ਕੁਮਾਰ
26. ਡਾ. ਸੁਖਦੇਵ ਸਿੰਘ ਖਾਹਰਾ
27. ਡਾ. ਸੁਚਾਰਿਤਾ ਸ਼ਰਮਾ
28. ਡਾ. ਸੁਖਬੀਰ ਕੌਰ
29. ਡਾ. ਸੰਤੋਖ ਸਿੰਘ
30. ਡਾ. ਐਸ.ਪੀ. ਸਿੰਘ
31. ਡਾ. ਐਸ.ਐਸ. ਜੋਹਲ
32. ਸ. ਸਰਬਜੀਤ ਸਿੰਘ
33. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ ਸਾਹਿਬਾਨ - ਡਾ. ਡੀ.ਐਨ. ਜੌਹਰ, ਡਾ. ਮਹਿਮੂਦ ਮੀਆਂ, ਡਾ. ਜੇ.ਐਸ. ਢਿੱਲੋਂ, ਡਾ. ਸੁਖਲੀਨ ਬਿੰਦਰਾ, ਡਾ. ਪੀ.ਕੇ. ਸਹਿਜਪਾਲ, ਡਾ. ਬਲਵਿੰਦਰ ਸਿੰਘ(ਕੈਮਿਸਟਰੀ ਵਿਭਾਗ), ਸ਼੍ਰੀਮਤੀ ਸੁਨੀਤਾ ਸਹਿਗਲ ਢਿੱਲੋਂ, ਡਾ. ਪਰਮਜੀਤ ਕੌਰ, ਸ਼੍ਰੀਮਤੀ ਮੀਨਾ ਮਲਹੋਤਰਾ, ਡਾ. ਬਲਵਿੰਦਰ ਸਿੰਘ (ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ), ਡਾ. ਨੀਨਾ ਰੋਜੀ ਕਾਹਲੋਂ, ਸ. ਅਜੀਤ ਸਿੰਘ, ਸ. ਭਾਗ ਸਿੰਘ ਅਣਖੀ, ਸ. ਜਤਿੰਦਰ ਸਿੰਘ ਬੱਗਾ, ਸ. ਤੇਜਬੀਰ ਸਿੰਘ, ਪ੍ਰੋ. ਐਸ. ਐਸ. ਗਿੱਲ, ਪ੍ਰੋ. ਬਲਦੇਵ ਸਿੰਘ ਢਿੱਲੋਂ, ਸ਼੍ਰੀ ਅਰੁਣ ਕੁਮਾਰ ਗਰੋਵਰ, ਕੈਪਟਨ ਬਲਬੀਰ ਸਿੰਘ ਬਾਠ, ਸ. ਲਖਬੀਰ ਸਿੰਘ ਲੋਧੀਨੰਗਲ, ਡਾ. ਵਿਨੈ ਕਪੂਰ ਮਹਿਰਾ, ਸ. ਪਰਗਟ ਸਿੰਘ (ਐਮ.ਐਲ.ਏ.), ਸ. ਗੁਰਪ੍ਰਤਾਪ ਸਿੰਘ ਵਡਾਲਾ (ਐਮ.ਐਲ.ਏ.), ਸ. ਜੋਰਾਵਰ ਸਿੰਘ, ਸ਼੍ਰੀ ਕਮਲਪਾਲ ਸਿੰਘ ਰੰਧਾਵਾ, ਮਿਸ ਸੋਨਾ ਬਾਂਸਲ, ਡਾ. ਅਰਜਿੰਦਰ ਸਿੰਘ, ਮਿਸਿਜ਼ ਅਨੰਦ ਪ੍ਰਭਾ, ਸ਼੍ਰੀ ਜੈਦੀਪ ਸਿੰਘ, ਸ਼੍ਰੀ ਗੁਰਿੰਦਰ ਸਿੰਘ, ਸ਼੍ਰੀਮਤੀ ਫੂਲਨ ਅਤਰੀ, ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ, ਮਿਸ ਅਰੂਪ੍ਰਿਆ ਸੀਨ, ਸ਼੍ਰੀ ਅਜੈ ਕੁਮਾਰ, ਮਿਸ ਜਸਮੀਨ ਕੌਰ, ਮਿਸ ਨੇਹਾ ਭਾਰਤੀ, ਮਿਸ ਰਾਜਵੀਰ ਕੌਰ ਅਤੇ ਮਿਸ ਨਿਸ਼ਠਾ ਮਹਿਰਾ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਨਵੀਂ ਸੈਨੇਟ ਉਤੇ ਡਾ. ਐਚ. ਐਸ. ਭਾਟੀਆ, ਡਾ. ਸੁਖਦੇਵ ਸਿੰਘ, ਡਾ. ਗੁਰਜੀਤ ਸਿੰਘ, ਡਾ. ਸੁਬੋਧ ਕੁਮਾਰ, ਡਾ. ਅੰਮ੍ਰਿਤਪਾਲ ਕੌਰ, ਡਾ. ਰਵੀ ਚਾਂਦ ਸਿੰਘ, ਸ਼੍ਰੀਮਤੀ ਨਿਰਮਲਜੀਤ ਕੌਰ ਗਰੇਵਾਲ, ਸ਼੍ਰੀ ਆਸਾ ਰਾਮ, ਸ਼੍ਰੀਮਤੀ ਪਰਵਿੰਦਰ ਕੌਰ ਸਚਦੇਵਾ, ਡਾ. ਹਰਬੀਰ ਸਿੰਘ ਮਾਣਕੂ, ਡਾ.(ਮਿਸਿਜ਼) ਆਸ਼ਾ ਨਾਰੰਗ, ਸ਼੍ਰੀ ਆਰ.ਐਸ. ਕਾਲੜਾ, ਡਾ. ਐਸ.ਪੀ. ਸਿੰਘ, ਡਾ.ਇਕਬਾਲ ਸਿੰਘ, ਸ਼੍ਰੀ ਪ੍ਰਮੋਦ ਸ਼ਰਮਾ, ਸ਼੍ਰੀਮਤੀ ਜੋਤੀ ਸੈਣੀ, ਸ. ਸਰਬਜੀਤ ਸਿੰਘ, ਮਿਸ ਰਮਾ

ਰਾਣੀ, ਸ਼੍ਰੀਮਤੀ ਮਨਜੀਤ ਕੌਰ, ਮਿਸ ਨਵਿਤਾ ਅਤੇ ਸ਼੍ਰੀ ਰਜਨੀਸ਼ ਕੁਮਾਰ ਦੀ ਨਵੇਂ ਮੈਂਬਰਾਂ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਮੈਂਬਰ ਸਾਹਿਬਾਨ ਨੂੰ ਇਕੱਤਰਤਾ ਵਿਚ ਸ਼ਾਮਿਲ ਹੋਣ ਲਈ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਨ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀ ਇੱਕਤਰਤਾ ਮਿਤੀ 25.2.2014 ਦੀ ਕਾਰਵਾਈ ਦੀ ਪੁਸ਼ਟੀ।**

1. ਸੈਨੇਟ ਦੀ ਇੱਕਤਰਤਾ ਮਿਤੀ 25.2.2014 ਦੀ ਕਾਰਵਾਈ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਸੈਨੇਟ ਦੀ ਇੱਕਤਰਤਾ ਮਿਤੀ 25.2.2014 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀ ਇੱਕਤਰਤਾ ਮਿਤੀ 25.2.2014 ਦੇ ਨਿਰਣਿਆਂ ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀ ਇੱਕਤਰਤਾ ਮਿਤੀ 25.2.2014 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ (**ਅੰਤਿਕਾ** ਅਨੁਸਾਰ) **ਨੋਟ** ਕੀਤੀ ਗਈ।

ਏਜੰਡੇ ਦੀ ਮੱਦ ਨੰ: 3, 4 ਅਤੇ 5 ਸਬੰਧੀ ਸ. ਜਗਦੀਸ਼ ਸਿੰਘ ਨੇ ਕਿਹਾ ਕਿ ਪਿਛਲੇ ਕਾਫੀ ਸਮੇਂ ਤੋਂ ਸੈਨੇਟ ਦੇ ਮੈਂਬਰ ਸਾਹਿਬਾਨ ਚੋਣਾਂ ਕਰਵਾਉਣ ਦੇ ਹੱਕ ਵਿਚ ਨਹੀਂ ਰਹੇ।ਬਹੁਤ ਸਮਾਂ ਪਹਿਲਾਂ ਤੋਂ ਚੱਲ ਰਹੀ ਪਰੰਪਰਾ ਬੜੀ ਚੰਗੀ ਹੈ।ਇਸ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ ਅਤੇ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਣੇ ਚਾਹੀਦੇ ਹਨ।

ਪ੍ਰਿੰਸੀਪਲ ਨਾਨਕ ਸਿੰਘ ਅਤੇ ਹੋਰ ਸਮੂਹ ਮੈਂਬਰ ਸਾਹਿਬਾਨ ਨੇ ਮੈਂਬਰਾਂ ਦੀ ਕੋ-ਆਪਸ਼ਨ/ਚੋਣ ਕਰਨ ਦਾ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦੇਣ ਦਾ ਸਮਰਥਨ ਕੀਤਾ।

**ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

3. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ ਦੀ 13(1) ਦੀ ਧਾਰਾ (viii) (ਆਰਡੇਨਰੀ ਫੈਲੋ) ਅਧੀਨ ਮਿਤੀ 1.7.2014 ਤੋਂ 30.6.2016 ਤੱਕ ਦੇ ਸਮੇਂ ਲਈ ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਸਬੰਧੀ-

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 13(1) ਦੀ ਧਾਰਾ (viii) (ਆਰਡੇਨਰੀ ਫੈਲੋ) ਅਧੀਨ ਮਿਤੀ 1.7.2014 ਤੋਂ 30.6.2016 ਤੱਕ ਦੇ ਸਮੇਂ ਲਈ ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸੈਨੇਟ ਦੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

4. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ ਦੀ 14(1) ਦੀ ਧਾਰਾ (viii) ਅਧੀਨ ਮਿਤੀ 1.7.2014 ਤੋਂ 30.6.2015 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਸਬੰਧੀ –

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 14(1) ਦੀ ਧਾਰਾ (viii) ਅਧੀਨ ਮਿਤੀ 1.7.2014 ਤੋਂ 30.6.2015 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸੈਨੇਟ ਦੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

5. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 16(1) ਦੀ ਧਾਰਾ (iv) ਅਧੀਨ ਮਿਤੀ 1.7.2014 ਤੋਂ 30.6.2016 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਸਬੰਧੀ-

ਸਰਬਸਮੰਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 16(1) ਦੀ ਧਾਰਾ (iv) ਅਧੀਨ ਮਿਤੀ 1.7.2014 ਤੋਂ 30.6.2016 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਬੀ.ਏ. ਕੋਰਸ ਦੇ Combination of Subjects ਦੇ ਗੁਰੱਪ ਨੰ:2 ਵਿਚ ਚੋਣਵਾਂ ਵਿਸ਼ਾ 'Human Rights' ਅਤੇ ਗਰੁੱਪ ਨੰ: 5 ਵਿਚ 'Women Empowerment' ਸ਼ਾਮਲ ਕਰਨ ਦੀ ਪਰਵਾਨਗੀ।**

6. ਸਿੰਡੀਕੇਟ ਦੀ ਇਕੱਤਰਤਾ ਮਿਤੀ 30.6.2014 ਦੇ ਪੈਰਾ 15 ਅਧੀਨ ਕੀਤੀ ਸਿਫਾਰਸ਼ 'ਤੇ ਵਿਚਾਰ ਉਪਰੰਤ–

**ਪਾਸ ਹੋਇਆ** ਕਿ ਬੀ.ਏ. ਕੋਰਸ ਦੇ Combination of Subjects ਦੇ ਗੁਰੱਪ ਨੰ:2 ਵਿਚ ਚੋਣਵਾਂ ਵਿਸ਼ਾ 'Human Rights' ਅਤੇ ਗਰੁੱਪ ਨੰ: 5 ਵਿਚ 'Women Empowerment' ਸ਼ਾਮਲ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ **ਨੋਟ ਕੀਤਾ** ਕਿ ਗਰੁੱਪ ਨੰ: 2 ਅਤੇ 5 ਵਿਚ ਚੋਣਵੇਂ ਵਿਸ਼ੇ ਹੇਠ ਲਿਖੇ ਅਨੁਸਾਰ ਹਨ:-

2.Economics/DefenceStudies/Sociology/FineArts/Education/Adult Education/Histroy of Arts/ Commercial Arts/Sculpture.

5.Public Admn./Home Science/Physical Education/ Computer Science/Dramatic Arts.

**ਉਪ-ਕੁਲਪਤੀ ਸਾਹਿਬ ਦਾ ਬਿਆਨ।**

7. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ :-

1. ਯੂਨੀਵਰਸਿਟੀ ਦੀ ਐਥਲੀਟ- ਮਿਸ. ਨਵਜੀਤ ਕੌਰ ਢਿੱਲੋਂ, ਨੇ 22 ਤੋਂ 27 ਜੁਲਾਈ, 2014 ਤੱਕ ਅਮਰੀਕਾ ਵਿਖੇ ਹੋਈ IIAF World Junior Athletic Championship ਵਿਚ ਹਿੱਸਾ ਲਿਆ ਅਤੇ Discuss Throw ਵਿਚ ਕਾਂਸੇ ਦਾ ਮੈਡਲ ਜਿੱਤਿਆ। ਮਿਸ. ਨਵਜੀਤ ਕੌਰ ਢਿੱਲੋਂ ਇਕੱਲੀ ਭਾਰਤੀ ਐਥਲੀਟ ਹੈ ਜਿਸ ਨੇ ਉਕਤ ਚੈਂਪੀਅਨਸ਼ਿਪ ਵਿਚ ਪੁਜੀਸ਼ਨ ਹਾਸਲ ਕੀਤੀ ਹੈ। ਇਸ ਪ੍ਰਾਪਤੀ ਲਈ ਸਨਮਾਨ ਵਜੋਂ ਉਸ ਨੂੰ ਯੂਨੀਵਰਸਿਟੀ ਵੱਲੋਂ 31,000/- ਰੁਪਏ ਦੀ ਨਕਦ ਰਾਸ਼ੀ ਦਿੱਤੀ ਜਾ ਰਹੀ ਹੈ।

2. Ministry of Youth Affairs and Sports, Government of India ਵੱਲੋਂ ਇਸ ਯੂਨੀਵਰਸਿਟੀ ਨੂੰ Synthetic Track for Athletics ਦੀ ਉਸਾਰੀ ਲਈ 5.5 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਹੈ।

3. ਯੂਨੀਵਰਸਿਟੀ ਦੀ ਕਾਰਗੁਜ਼ਾਰੀ ਅਤੇ ਸਰਵਪੱਖੀ ਵਿਕਾਸ ਦੇ ਆਧਾਰ 'ਤੇ 'The Week-Hansa Research Best University Survey-2014' ਅਨੁਸਾਰ ਯੂਨੀਵਰਸਿਟੀ ਉੱਤਰੀ ਖੇਤਰ ਦੀਆਂ ਮੋਹਰੀ ਯੂਨੀਵਰਸਿਟੀਆਂ ਵਿਚੋਂ ਛੇਵੇਂ ਅਤੇ ਦੇਸ਼ ਭਰ ਦੀਆਂ ਵਧੀਆ ਯੂਨੀਵਰਸਿਟੀਆਂ ਵਿਚੋਂ 14ਵੇਂ ਸਥਾਨ ਤੇ ਆਈ ਹੈ।

4. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ ਇਸ ਵਾਰ ਯੂਨੀਵਰਸਿਟੀ ਦੇ 8 ਵਿਦਿਆਰਥੀਆਂ ਨੇ ਪੰਜਾਬ ਸਿਵਲ ਸਰਵਿਸਜ਼ ਦੀ ਮੁੱਢਲੀ ਪ੍ਰੀਖਿਆ ਪਾਸ ਕੀਤੀ ਹੈ, 4 ਵਿਦਿਆਰਥੀਆਂ ਨੇ ਯੂ.ਜੀ.ਸੀ. (ਨੈੱਟ) ਪ੍ਰੀਖਿਆ ਪਾਸ ਕੀਤੀ ਹੈ, ਇਕ ਵਿਦਿਆਰਥਣ ਐਕਸਿਸ ਬੈਂਕ ਵਿਖੇ ਸਹਾਇਕ ਮੈਨੇਜਰ ਵਜੋਂ ਨਿਯੁਕਤ ਹੋਈ ਹੈ ਅਤੇ ਇਕ ਵਿਦਿਆਰਥੀ ਨੇ ਸਹਾਇਕ ਜਿਲ੍ਹਾ ਅਟਾਰਨੀ ਦੀ ਪ੍ਰੀਖਿਆ ਪਾਸ ਕੀਤੀ ਹੈ। ਇਸ ਤੋਂ ਇਲਾਵਾ ਰਿਜਨਲ ਕੈਂਪਸ, ਜਲੰਧਰ ਦੇ ਕਾਨੂੰਨ ਵਿਭਾਗ ਦੇ 6 ਵਿਦਿਆਰਥੀਆਂ ਨੇ ਪੀ.ਸੀ.ਐਸ. (ਜੂਡੀਸ਼ੀਅਲ ਸਰਵਿਸਿਜ਼) ਦੀ ਪ੍ਰੀਖਿਆ ਪਾਸ ਕੀਤੀ ਹੈ।

5. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਫਰਵਰੀ, 2014 ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਨੈਸ਼ਨਲ/ਮਲਟੀ ਨੈਸ਼ਨਲ ਕੰਪਨੀਆਂ ਵੱਲੋਂ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ 34 ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ-2014 ਦੇ ਕੁੱਲ 377 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ। ਇਸ ਤੋਂ ਇਲਾਵਾ ਐਜੂਕੇਸ਼ਨ ਵਿਭਾਗ ਦੇ ਚਾਰ ਐਮ.ਐਡ. ਵਿਦਿਆਰਥੀਆਂ ਨੇ ਯੂ.ਜੀ.ਸੀ. ਦਾ ਨੈੱਟ ਅਤੇ ਦੋ ਵਿਦਿਆਰਥੀਆਂ ਨੇ JRF ਟੈਸਟ ਪਾਸ ਕੀਤਾ ਹੈ।

6. ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੀ ਪ੍ਰੋਫੈਸਰ ਅਵਿਨਾਸ਼ ਕੌਰ ਨਾਗਪਾਲ ਨੂੰ ਉਸ ਵੱਲੋਂ ਬਨਸਪਤੀ ਵਿਗਿਆਨ ਅਤੇ ਵਾਤਾਵਰਨ ਸਬੰਧੀ ਕੀਤੇ ਖੋਜ ਕਾਰਜਾਂ ਦੇ ਆਧਾਰ 'ਤੇ The Linean Society of London, ਜੋ ਕਿ ਵਿਸ਼ਵ ਦੀਆਂ ਪੁਰਾਣੀਆਂ ਬਾਇਓਲੋਜੀਕਲ ਸੋਸਾਇਟੀਆਂ ਵਿਚੋਂ ਇਕ ਹੈ, ਵੱਲੋਂ ਫੈਲੋ ਚੁਣਿਆ ਗਿਆ ਹੈ।

7. ਡਾ. ਪੰਮੀ ਮਨਚੰਦਾ, ਪ੍ਰੋਫੈਸਰ, ਮੈਥੇਮੈਟਿਕਸ ਵਿਭਾਗ ਮਿਤੀ 13-21 ਅਗਸਤ ਨੂੰ ਸਿਓਲ ਕੋਰੀਆ ਵਿਖੇ ਹੋਣ ਵਾਲੀ ਅੰਤਰਰਾਸ਼ਟਰੀ ਕਾਨਫਰੰਸ ਵਿਚ ਗਣਿਤ ਵਿਸ਼ੇ 'ਤੇ ਆਪਣਾ ਭਾਸ਼ਣ ਦੇਣਗੇ।

8. ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੇ ਡਾ. ਹਰਦੀਪ ਸਿੰਘ ਗੁਜਰਾਲ ਨੂੰ Science & Engineering Research Board (SERB), New Delhi ਵੱਲੋਂ "Reviving of Utilization of Millers and Minor Cereals in Chapatti to Deliver Biactive Components" Research Project ਲਈ 52,88,800 ਰੁਪਏ ਦੀ ਗ੍ਰਾਂਟ ਮੰਜ਼ੂਰ ਹੋਈ ਹੈ।

9. ਪੰਜਾਬ ਸਕੂਲ ਆਫ ਇਕਨਾਮਿਕਸ ਦੇ ਪ੍ਰੋਫੈਸਰ (ਮੁੜ-ਨਿਯੁਕਤ) ਅਮਰਜੀਤ ਸਿੰਘ ਸੇਠੀ ਨੂੰ ਸ਼੍ਰੀ ਮਾਤਾ ਵੈਸ਼ਨੋ ਦੇਵੀ ਯੂਨੀਵਰਸਿਟੀ ਕਟੜਾ ਵਿਖੇ ICSSR ਵਲੋਂ Economics and Management ਵਿਸ਼ੇ 'ਤੇ ਆਯੋਜਿਤ ਅੰਤਰਰਾਸ਼ਟਰੀ ਕਾਨਫਰੰਸ ਵਿਚ ਪੇਸ਼ ਕੀਤੇ ਗਏ ਖੋਜ ਪੇਪਰ Development Expenditure and Total factor Productivity Growth: An Analysis for Punjab and Haryana States vis-à-vis the Indian Economy ਲਈ ਬੈਸਟ ਪੇਪਰ ਪ੍ਰਾਈਜ਼ ਨਾਲ ਸਨਮਾਨਿਤ ਕੀਤਾ ਗਿਆ।

10. ਕੈਮਿਸਟਰੀ ਵਿਭਾਗ ਦੀ ਅਸਿਸਟੈਂਟ ਪ੍ਰੋਫੈਸਰ ਡਾ. ਵੰਦਨਾ ਭੱਲਾ ਨੂੰ Chemical Research Society of India, Bengaluru ਨੇ ਉਸ ਵੱਲੋਂ ਕੈਮਿਸਟਰੀ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ bronze medal ਲਈ ਚੁਣਿਆ ਹੈ ਜੋ ਕਿ ਉਸ ਨੂੰ 5 ਤੋਂ 8 ਫਰਵਰੀ, 2015 ਨੂੰ ਪੂਨੇ ਵਿਖੇ ਸੋਸਾਇਟੀ ਦੀ ਹੋਣ ਵਾਲੀ 17ਵੀਂ ਸਲਾਨਾ ਮੀਟਿੰਗ ਦੌਰਾਨ ਦਿੱਤਾ ਜਾਵੇਗਾ।

11. ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਡਾ. ਮਨਪ੍ਰੀਤ ਸਿੰਘ ਭੱਟੀ ਨੂੰ Ministry of Environment & Forests, Govt. of India, New Delhi ਵਲੋਂ ਤਿੰਨ ਸਾਲਾਂ ਲਈ Member, Expert Appraisal Committee, Punjab ਨਾਮਜ਼ਦ ਕੀਤਾ ਗਿਆ ਹੈ।

12. ਸਕੂਲ ਆਫ ਸੋਸ਼ਲ ਸਾਇੰਸਜ਼ ਦੀ ਛੇਵੇਂ ਸਮੈਸਟਰ ਦੀ ਵਿਦਿਆਰਥਣ ਪਲਵੀ ਭੱਲਾ UNESCO Media and Information Literacy Course ਲਈ ਚੁਣੀ ਗਈ ਹੈ। ਇਹ ਕੋਰਸ UNESCO and Athabasca University, Alberta, Canada ਵੱਲੋਂ International Media and Information Literacy and Intercultural Dialogue University Network ਦੇ ਸਹਿਯੋਗ ਨਾਲ ਕਰਵਾਇਆ ਜਾਣਾ ਹੈ। ਪਲਵੀ ਭੱਲਾ ਇਸ ਕੋਰਸ ਲਈ ਅੰਤਰ-ਰਾਸ਼ਟਰੀ ਪੱਧਰ 'ਤੇ ਚੁਣੇ ਗਏ 47 ਵਿਦਿਆਰਥੀਆਂ ਵਿਚੋਂ ਇਕ ਹੈ।

13. **ਅਕਾਦਮਿਕ ਸਟਾਫ ਕਾਲਜ ਦੀਆਂ ਗਤੀਵਿਧੀਆਂ**

1. 3 ਤੋਂ 31 ਮਾਰਚ ਤੱਕ ਜਨਰਲ ਓਰੀਐਂਟੇਸ਼ਨ ਕੋਰਸ-94 ਆਯੋਜਿਤ ਕੀਤਾ ਗਿਆ।
2. 13 ਮਈ ਤੋਂ 28 ਦਿਨਾ ਜਨਰਲ ਓਰੀਐਂਟੇਸ਼ਨ ਕੋਰਸ-95 ਆਯੋਜਿਤ ਕੀਤਾ ਗਿਆ।
3. 15 ਮਈ ਤੋਂ Pure Science (Physics, Chemistry and Mathematics) ਵਿਸ਼ੇ 'ਤੇ 21 ਦਿਨਾ ਰਿਫਰੈਸ਼ਰ ਕੋਰਸ ਦਾ ਆਯੋਜਨ ਕੀਤਾ ਗਿਆ।
4. 5 ਜੂਨ ਤੋਂ Health and Life Science ਵਿਸ਼ੇ 'ਤੇ 21 ਦਿਨਾ ਰਿਫਰੈਸ਼ਰ ਕੋਰਸ ਕਰਵਾਇਆ ਗਿਆ।
5. 10 ਜੂਨ ਤੋਂ 21 ਦਿਨਾ ਸਪੈਸ਼ਲ ਸਮਰ ਸਕੂਲ ਕੋਰਸ ਕਰਵਾਇਆ ਗਿਆ।

6. 2 ਜੁਲਾਈ ਨੂੰ ਅਧਿਆਪਕਾਂ ਅਤੇ ਖੋਜਾਰਥੀਆਂ ਲਈ ਬੇਸਿਕ ਸਟੈਟਿਸਟਿਕਸ ਵਿਸ਼ੇ 'ਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਦਿੱਲੀ ਯੂਨੀਵਰਸਿਟੀ ਦੇ ਵਿੱਤੀ ਅਧਿਐਨ ਵਿਭਾਗ ਦੇ ਮੁਖੀ ਪ੍ਰੋਫੈਸਰ ਚੰਦਰ ਪ੍ਰਕਾਸ਼ ਗੁਪਤਾ ਨੇ ਮੁੱਖ ਭਾਸ਼ਣ ਦਿੱਤਾ।
7. 10 ਜੁਲਾਈ ਤੋਂ ਸੋਸ਼ਲ ਸਾਇੰਸਜ਼ ਵਿਸ਼ੇ 'ਤੇ 21 ਦਿਨਾ ਰਿਫਰੈਸ਼ਰ ਕੋਰਸ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪ੍ਰੋਫੈਸਰ ਬਲਵਿੰਦਰ ਸਿੰਘ ਟਿਵਾਣਾ, ਡਾਇਰੈਕਟਰ, ਅਕਾਦਮਿਕ ਸਟਾਫ ਕਾਲਜ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮੁੱਖ ਭਾਸ਼ਣ ਦਿੱਤਾ।
8. 6 ਅਗਸਤ ਤੋਂ ਮੁੱਢਲੀ ਖੋਜ ਵਿਧੀ ਤੇ ਖੋਜ ਨੈਤਿਕਤਾ ਵਿਸ਼ੇ 'ਤੇ ਛੇ ਦਿਨਾ ਵਰਕਸ਼ਾਪ ਸ਼ੁਰੂ ਕੀਤੀ ਗਈ।

14. 22 ਮਾਰਚ ਨੂੰ ਯੁਵਕ ਭਲਾਈ ਵਿਭਾਗ ਵੱਲੋਂ ਕੁਰੂਕਸ਼ੇਤਰਾ ਯੂਨੀਵਰਸਿਟੀ ਵਿਖੇ ਹੋਏ 29ਵੇਂ ਆਲ ਇੰਡੀਆ ਅੰਤਰ-ਯੂਨੀਵਰਸਿਟੀ ਨੈਸ਼ਨਲ ਯੂਥ ਫ਼ੈਸਟੀਵਲ ਦੀ ਓਵਰਆਲ ਚੈਂਪੀਅਨਸ਼ਿਪ ਟਰਾਫ਼ੀ ਜਿੱਤਣ ਵਾਲੇ ਵਿਦਿਆਰਥੀ ਕਲਾਕਾਰਾਂ ਦਾ ਸਨਮਾਨ ਕਰਨ ਲਈ ਵਿਸ਼ੇਸ਼ ਸਮਾਗਮ ਸ਼ਾਮ-ਏ-ਬੁਲੰਦੀ ਆਯੋਜਿਤ ਕੀਤਾ ਗਿਆ। ਇਸ ਮੌਕੇ ਯੂਨੀਵਰਸਿਟੀ ਵੱਲੋ ਏ.ਪੀ.ਜੇ. ਕਾਲਜ ਆਫ ਫਾਈਨ ਆਰਟਸ, ਜਲੰਧਰ ਨੂੰ 51,000/- ਰੁਪਏ ਦਾ ਨਕਦ ਇਨਾਮ ਅਤੇ ਵਿਦਿਆਰਥੀ ਕਲਾਕਾਰਾਂ ਨੂੰ 12-12 ਹਜ਼ਾਰ ਰੁਪਏ ਦਾ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਯੁਵਕ ਭਲਾਈ ਵਿਭਾਗ ਵੱਲੋਂ ਸਟੂਡੈਂਟਸ ਹੋਲੀ-ਡੇ ਹੋਮ ਡਲਹੌਜ਼ੀ ਵਿਖੇ 23 ਮਈ ਤੋਂ 5 ਜੁਲਾਈ ਤੱਕ ਲਗਾਏ ਗਏ ਯੂਥ ਲੀਡਰਸ਼ਿਪ ਟਰੇਨਿੰਗ ਕੈਂਪ ਅਤੇ ਹਾਈਕਿੰਗ ਟਰੈਕਿੰਗ ਕੈਂਪ ਵਿਚ ਯੂਨੀਵਰਸਿਟੀ ਕੈਂਪਸ ਅਤੇ ਯੂਨੀਵਰਸਿਟੀ ਨਾਲ ਸਬੰਧਤ 69 ਕਾਲਜਾਂ ਦੇ ਤਕਰੀਬਨ 545 ਲੜਕੇ ਅਤੇ ਲੜਕੀਆਂ ਨੇ ਹਿੱਸਾ ਲਿਆ।

15. **ਖੇਡ ਵਿਭਾਗ ਦੀਆਂ ਗਤੀਵਿਧੀਆਂ**

1. ਯੂਨੀਵਰਸਿਟੀ ਨੇ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਦੇ ਸਹਿਯੋਗ ਨਾਲ ਮਿਤੀ 6-8 ਮਾਰਚ ਨੂੰ ਆਯੋਜਿਤ ਕੀਤੀ ਗਈ ਆਲ ਇੰਡੀਆ ਅੰਤਰ-ਯੂਨੀਵਰਸਿਟੀ ਯਾਚਿੰਗ ਚੈਪੀਅਨਸ਼ਿਪ (ਪੁਰਸ਼ਾਂ) ਜਿੱਤੀ ਹੈ।
2. 6 ਅਪ੍ਰੈਲ ਨੂੰ 44ਵੇਂ ਸਲਾਨਾ ਖੇਡ ਇਨਾਮ ਵੰਡ ਸਮਾਗਮ ਵਿਚ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਆਲ-ਇੰਡੀਆ ਇੰਟਰ-ਵਰਸਿਟੀ ਪੱਧਰ 'ਤੇ ਵੱਖ-ਵੱਖ ਖੇਡਾਂ ਵਿਚ ਯੂਨੀਵਰਸਿਟੀ ਦਾ ਨਾਂ ਰੋਸ਼ਨ ਕਰਨ ਵਾਲੇ 350 ਤੋਂ ਵੱਧ ਖਿਡਾਰੀਆਂ ਨੂੰ 50 ਲੱਖ ਰੁਪਏ ਦੇ ਨਕਦ ਇਨਾਮ ਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ।
3. 22-24 ਜੂਨ ਨੂੰ ਸਪੋਰਟਸ ਵਿਭਾਗ ਵੱਲੋਂ ਸੋਫਟਬਾਲ ਫੈਡਰੇਸ਼ਨ ਕੱਪ (ਪੁਰਸ਼ਾਂ ਅਤੇ ਇਸਤਰੀਆਂ) ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪੰਜਾਬ ਦੀਆਂ ਪੁਰਸ਼ਾਂ ਅਤੇ ਇਸਤਰੀਆਂ ਦੀ ਟੀਮਾਂ ਵਿਚ 12-12 ਖਿਡਾਰੀ/ਖਿਡਾਰਨਾਂ ਇਸ ਯੂਨੀਵਰਸਿਟੀ ਨਾਲ ਸਬੰਧਤ ਸਨ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਦੀ ਇਸਤਰੀਆਂ ਦੀ ਟੀਮ ਦੀਆਂ 15 ਖਿਡਾਰਨਾਂ ਵਿਚੋਂ 12 ਖਿਡਾਰਨਾਂ ਇਸ ਯੂਨੀਵਰਸਿਟੀ ਨਾਲ ਸਬੰਧਤ ਸਨ। ਇਸ ਪ੍ਰਤੀਯੋਗਤਾ ਵਿਚ ਪੰਜਾਬ ਦੀ ਪੁਰਸ਼ਾਂ ਅਤੇ ਇਸਤਰੀਆਂ ਦੀਆਂ ਟੀਮਾਂ ਰਨਰਜ਼-ਅਪ ਅਤੇ ਹਿਮਾਚਲ ਪ੍ਰਦੇਸ਼ ਦੀ ਇਸਤਰੀਆਂ ਦੀ ਟੀਮ ਤੀਸਰੇ ਨੰਬਰ 'ਤੇ ਰਹੀ।

**ਸੈਨੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

After the agenda was over, the Vice-Chancellor gave the presentation on the completion of his tenure of five years :-

## About the University

- Ranked amongst the Top 15 Universities by the UGC (Under UPE scheme), Guru Nanak Dev University has been exhibiting high standards of education (Teaching, Research, Sports, Cultural Activities) with choice based credit system in teaching;
- GNDU has procured high-end sophisticated scientific instruments and has earned the most coveted titles of UPE and CPEPA from University Grants Commission.
- GNDU was emerged as the 6th top ranking university of the North Zone and 14th top ranking university of country as disclosed in the survey conducted by "The Week" – Hansa Research Best University Survey – 2014 on the basis of overall individual performance of the Universities.
- A large number of departments are today recognized under DRS, SAP, COSIST, FIST and PURSE grants of the UGC and DST.
- A total of 4 regional campuses and 9 constituent colleges have taken the light of higher education to villages and remote areas of the Punjab State.
- Trophies won in the fields of sports (MAKA trophy- record 22 times) & Cultural activities (Champions and Runners Up in All India Youth Festivals) are our unbeatable strengths.

## ACHIEVEMENTS

- First University in the region to implement credit based Teaching and evaluation system (since 2010)
- Introduction of semester system, firstly at postgraduate level in 2011 and then at undergraduate level in the year 2012 in all affiliated colleges
- Online Admissions and reformed, transparent evaluation process in Examination Systems (2010)
- To effectively check the menace of copying during examinations at UG levels in some areas, the University decided to swap the supervisory staff which has helped in curbing the disease of copying
- Fast declaration of examination results.
- The Act of the University stipulated that "it would promote Punjabi Studies" and "provide for research in Punjabi, Language, Literature and Culture".
- It is in conformity with this statutory obligation and to attract larger number of students University have abolished tuition fee for the students of the Department of Guru Nanak Studies and the School of Punjabi Studies and yielded desired results.
- New Courses started at the Main Campus
  - BA LLB Hons (FYIC) & MBA (FYIC)
  - B.Tech. (Mechanical) & B.Tech.(Civil Engineering) at Regional Campus, Sathiala.
- University has also started Pre Ph.D. Courses

- To maximize the use of talent available and to remove duplications, the University has merged the departments of Applied Physics and Applied Chemistry with the parent departments of Physics and Chemistry, respectively.
- Similarly Sugar and Alcohol Technology has been separated from the Applied Chemical Sciences and merged with Food Science and Technology Department
- Department of Applied Chemical Sciences has been merged with Chemistry Department
- Centre for Genetic Disorders has been merged in the Department of Human Genetics.
- On the same pattern, School of Legal Studies and the Department of Laws at Regional Campus, Jalandhar were merged into one Department.
- The Education Department has started functioning from the academic session 2013-14.
- University Business School has been established as full-fledged department
- Establishment of two more Regional Campuses at Sathiala in Baba Bakala Tehsil and Fatthu Dhinga at Sultanpur Lodhi in Distt. Kapurthala is a significant contribution in the spread of higher education in rural area
- The "Centre on Studies in Sri Guru Granth Sahib" with a grant of Rs. 47.05 Crore has been established with assistance from UGC;
- It has started functioning from April 2011;
- The new building of the Centre on Sri Guru Granth Sahib Bhawan is going to be completed very shortly
- The Academic Staff College of the University has been upgraded and now it has been placed at rank 12 among all the Academic Staff Colleges in India.
- $17^{th}$ Conference of National Magnetic Resonance Society of India was successfully organized in March 2011.
- Nobel Laureate Prof. Richard R. Ernst (Switzerland), Prof. Alex Pines from the University of California, Berkeley Campus, USA, Prof. Bernhard Bluemich, RWTH, Aachen University, Germany and about 400 leading scientists and researchers from all over the world participated in this Conference.
- Now the University is planning to hold $21^{st}$ Conference of NMRS Society of India in 2015
- In February 2012, the University had the honour to organize $15^{th}$ Punjab Science Congress of the Punjab Academy of Sciences;
- Prof. Yash Pal, a renowned Scientist and former Chairman, UGC inaugurated this Congress.
- One of our Alumni Rukmani Riar stood at $2^{nd}$ Rank in All India Services Examination conducted by UPSC and many other Alumnis also qualified in the All India Services Examination.
- Number of our students have been selected as PCS Judicial and PCS to work in the administrative services in the State.
- Many persons from our university have been elected as fellows in various prominent institutes/ bodies

## RESEARCH FACILITIES

- With positive and proactive policy of encouraging research about 20 departments could earn recognition under UGC SAP (Rs. 16.41 Cr.), DST-FIST (Rs. 6.20 Cr.) & PURSE (Rs. 9 Cr.) Schemes.
- The university has earned the title of *University with Potential for Excellence* (60 + 60 crores) and ;
- *Centre with Potential for Excellence in Particular Area* (CPEPA): life sciences (6.15 crores).
- Our university has also received a grant of Rs. 10 crore under TEQIP (Technical Education Quality Improvement Programme) of Ministry of HRD, Government of India
- Research Projects Completed worth Rs. 11.30 cr.
- Grants under UGC Schemes
    - UPE - 60.00 + 60.00 Crore
    - CPEPA Life Sciences - 6.15 Crore
    - Academic Staff College - as per actual
    - Centre for the study of Social Exclusion & Inclusive Policy - as per actual
    - DST-FIST : 6.20 Crores
    - DST-PURSE : 9 Crores
- Department of Chemistry has been sanctioned a grant of Rs. 3 crore under CAS – Phase II
- Promotion of Interdisciplinary Research, besides this University has rendered consultancy into fields of Architecture, Planning, CSE, ECE, Chemistry & Food Science
- Check on Plagiarism

## Central Instrumentation facility (in EMERGING Life Sciences)

- UPE (Material Science): High Resolution Transmission Electron Microscope, Vibrating Sample Magnetometer, Pulse Laser Deposition System, Vector network Analyser, Spectroscopic Ellipsometry, Dynamic Light Scattering, Brunauer-Emmett-Teller (BET) surface analyzer, Semiconductor IV-CV Characterisation Systems, Software Virtual Nano Lab Silvaco Quantum 3D, PVD System (Multi target) with electron beam gun, SAXS and high temperature stage
- UPE Health Care, Drug Development and Sports Medicine : NMR spectrometer (500 MHz), Motion Analysis Equipment, Flash Chromatography
- UPE Environmental Management: Next Generation Sequencer, Accessories of SEM, Atomic Absorption Spectrometer, Amino Acid Analyser, CHNSO Analyzer, Preparative/ Semi-prep. HPLC, Ion Chromatography, Freeze Drier, Mobile environmental Analysis lab, Software for Remote Sensing. Statistics Mathematical, Environmental and other applications, Five parts Haematology Analyzer, Standard Radon Equipment
- CPEPA: Cytogenetic Workstation, Real Time PCRs (2 nos), Ultracentrifuge
- PURSE: Automated DNA Sequencer 24 capillary, Scanning Electron Microscope (SEM) Bio-samples
- DBT: Inverted Microscope with Fluorescent Attachment

- University Funds: Confocal Microscope, LC MS system, Scanning Electron Microscope, Flow Cytometer

## New Equipments installed at University Health Centre

- 800-mA Fluoroscopic X-ray unit
- Bone Densitometer (DEXA)
- Incinerator (to dispose off Biomedical waste)
- Fully Automated Computerized Digital Mammography unit
- OPG Unit
- Colour Doppler Machine
- Random Access Chemiluminiscense Analyser
- T.M.T. and Spirometry
- Five Parts Haematology Cell Counter
- Fully Automated Computerized Digital Analogue Converter analyzer system

## Infrastructure & Learning Resources

- A large resource is invested in constructing infrastructure in the University. Some of the new structure that have come up are :

- GNDU Campus, Amritsar:
  - One Block of Girls' hostel # 3 -1.75 crore
  - Six Storey Girls' Hostel# 4 – 19.00 crore
  - Emerging Life Sciences Building - 2.30 crore
  - Lecture Theatres' Building - 5.98 crore
  - Academic Staff College Guest House - 1.23 crore
  - Velodrome - 1.48 crore
  - Boys' Hostel - 3.40 crore
  - New Hockey Stadium – 12.00 crore
  - Ministry of Sports & Youth Affairs, Govt. of India sanctioned Rs. 15 Crore for Sports activities
  - 4th Storey of Chemistry Block - 1.52 crore (Extension),
  - 4th Storey of Physics Block - 60.00 lac,
  - Class Rooms in Maharaja Ranjit Singh Bhawan - 1.83 crore,
  - Sri Guru Granth Sahib Bhawan - 12.60 crore,
  - 4th Storey of Maharaja Ranjit Singh Bhawan - 4.31 crore,
  - One story in Electronics and Technology Department – 1.20 crore
  - Extension of Architecture Building - 5.25 crore
  - Proposed building of University Business School – 10 cr. Approved
  - Proposed Boys Hostel – 7 crore approved

- **GNDU Regional Campus, Sathiala:**
  - Construction of various Buildings (Academic Complex, Boys Hostel, Girls Hostel, Dinning Block and Administrative Block) - 16.00 crore,

- **GNDU Regional Campus, Sultanpur Lodhi (Fatudhinga):**
  - Construction of IT Block – 10.00 crore

- **GNDU Regional Campus, Gurdaspur:**
    - Construction of IT Block - 1.44 crore

- **GNDU Regional Campus, Jalandhar:**
    - Construction of IT Block – 1.50 crore

- **ASSM College, Mukandpur:**
    - Construction of School Building - 2.11 crore

- **GNDU College, Verka:**
    - Extension of ICT Building at Verka - 3.26 crore

- **GNDU College, Ladhowali Road, Jalandhar New Building – 4.50 crore**

## Sports and Cultural Activities

- In the field of sports and cultural activities, the University continued to remain in the forefront
- Rs. 15 Cr. Sanctioned by Ministry of Sports & Youth Affairs, Govt. of India for sports activities
- The University was the winner of the MAKA (Maulana Abul Kalam Azad) Trophy – the most prestigious trophy in sports for any university, a record 22nd time
- Two times winners and once runners-up during last five years.

## Cultural activities

- University has been champion in North Zone Inter-University Youth Festival in the last five years.
- GNDU hosted North-Zone Inter-University Youth festival in the year 2012-13 sponsored by AIU.
- GNDU was Co-Champion at the National Youth Festival along with University of Bombay for the year 2011-12.
- University won overall National Championship trophy for the year 2013-14.
- Our University was National First Runners Up 3 times during last five years i.e. 2009-10, 2010-11 and 2012-13.

## Innovation and Best Practice

- Ecological Sustainability- Clean and Green University Campus have
    - Rain water harvesting channel
    - Organic manure production through vermi-composting
    - Sound proof generators of 1500 KW capacity
    - Solar water heater systems in guest house & Hostels
    - Solar lights and above all

  - First University in North India to achieve zero discharge with +ve installation of waste water treatment plant of 2.5 million litre/day capacity using low cost technology.
- Capacity Enhancement Programme.
- Inclusive policy of creating access to higher education among the backward communities and areas.

ਉਕਤ Presentation ਸਬੰਧੀ ਆਮ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ:-

**ਡਾ. ਸੰਤੋਖ ਸਿੰਘ**

ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਨੂੰ ਉਨ੍ਹਾਂ ਦੀਆਂ ਯੂਨੀਵਰਸਿਟੀ ਲਈ ਪ੍ਰਾਪਤੀਆਂ ‘ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਉਹ ਮਹਿਸੂਸ ਕਰਦੇ ਹਨ ਕਿ ਫੈਕਲਟੀ ਆਫ ਮੈਡੀਕਲ ਐਜੂਕੇਸ਼ਨ ਦੀ ਘਾਟ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਨੂੰ ਇਸ ਯੂਨੀਵਰਸਿਟੀ ਨੂੰ ਮੈਡੀਕਲ ਕਾਲਜ ਦੇਣ ਬਾਰੇ ਕਿਹਾ ਜਾ ਸਕਦਾ ਹੈ।

**ਉਪ-ਕੁਲਪਤੀ ਸਾਹਿਬ**

ਉਪ-ਕੁਲਪਤੀ ਸਾਹਿਬ ਨੇ ਕਿਹਾ ਕਿ ਤਿੰਨ ਸਾਲ ਪਹਿਲਾਂ ਉਨ੍ਹਾਂ ਨੇ ਸਕੱਤਰ, ਐਜੂਕੇਸ਼ਨ ਨਾਲ ਮੈਡੀਕਲ ਕਾਲਜ ਦੇਣ ਬਾਰੇ ਗੱਲ ਕੀਤੀ ਸੀ। ਉਨ੍ਹਾਂ ਡਾ. ਸੰਤੋਖ ਸਿੰਘ ਨੂੰ ਕਿਹਾ ਕਿ ਇਸ ਸਬੰਧੀ ਉਹ ਸਕੱਤਰ, ਐਜੂਕੇਸ਼ਨ ਨਾਲ ਗੱਲ ਕਰਨ ।

**ਡਾ. ਐਚ.ਐਸ. ਭਾਟੀਆ**

ਉਨ੍ਹਾਂ ਕਿਹਾ ਕਿ ਇਸ ਇੱਕਤਰਤਾ ਵਿਚ ਡਾ. ਐਸ.ਐਸ. ਜੋਹਲ, ਡਾ. ਐਸ.ਪੀ. ਸਿੰਘ ਅਤੇ ਡਾ. ਸੰਤੋਖ ਸਿੰਘ ਬਹੁਤ ਤਜ਼ਰਬੇਕਾਰ ਅਤੇ ਅੰਤਰਰਾਸ਼ਟਰੀ ਪੱਧਰ ਦੇ ਵਿਅਕਤੀ ਮੌਜੂਦ ਹਨ। ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਸਬੰਧੀ ਵਧੀਆ Presentation ਲਈ ਵਧਾਈ ਦਿੱਤੀ। ਇਹ ਯੂਨੀਵਰਸਿਟੀ ਸੋਸ਼ਲ ਸਾਇੰਸਜ਼, ਹਿਸਟਰੀ, ਇਕਨਾਮਿਕਸ, ਪੋਲੀਟੀਕਲ ਸਾਇੰਸ ਅਤੇ ਹੋਰ ਵੀ ਕਈ ਕੋਰਸਾਂ ਕਰਕੇ ਜਾਣੀ ਜਾਂਦੀ ਹੈ। ਇੱਥੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਵਿਕਾਸ ਹੋਇਆ, ਮੁੱਢਲੀ ਪੰਜਾਬੀ ਲਾਗੂ ਕੀਤੀ ਗਈ। ਜਿਵੇਂ ਇੱਥੇ ਸਾਇੰਸ ਦਾ ਵਿਕਾਸ ਹੋਇਆ, ਉਸੇ ਤਰ੍ਹਾਂ ਸੋਸ਼ਲ ਸਾਇੰਸਜ਼ ਅਤੇ ਲੈਂਗੁਏਂਜ਼ਿਜ ਦਾ ਵਿਕਾਸ ਵੀ ਹੋਣਾ ਚਾਹੀਦਾ ਹੈ।ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਮੁਬਾਰਕਬਾਦ ਦਿੱਤੀ ਕਿ ਉਹ ਬਹੁਤ ਜ਼ਿੰਦਾਦਿਲੀ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਦੀ ਤਰੱਕੀ ਵਿਚ ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦਾ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਡਾ. ਇੰਦਰਜੀਤ ਸਿੰਘ, ਰਜਿਸਟਰਾਰ ਨੇ ਇਸ ਯੂਨੀਵਰਸਿਟੀ ਵਿਖੇ ਬੜੀ ਲਗਨ ਨਾਲ ਕੰਮ ਕੀਤਾ ਹੈ। ਉਨ੍ਹਾਂ ਦੀਆਂ ਪ੍ਰਿੰਸੀਪਲ ਵਜੋਂ ਸੇਵਾਵਾਂ ਵੀ ਸ਼ਲਾਘਾਯੋਗ ਰਹੀਆਂ ਹਨ। ਗੈਰ-ਅਧਿਆਪਨ ਕਰਮਚਾਰੀ ਅਤੇ

ਵਿਦਿਆਰਥੀਆਂ ਨੇ ਉਨ੍ਹਾਂ ਦੇ ਕੰਮ ਦੀ ਬੜੀ ਸ਼ਲਾਘਾ ਕੀਤੀ ਹੈ।ਉਨ੍ਹਾਂ ਕਿਹਾ ਕਿ ਪ੍ਰੈਸ ਅਤੇ ਪਬਲੀਕੇਸ਼ਨ ਵਿਭਾਗ ਦਾ ਯੂਨੀਵਰਸਿਟੀ ਦੇ ਵਿਕਾਸ ਵਿਚ ਮਹੱਵਤਪੂਰਨ ਰੋਲ ਹੈ। ਹੁਣ ਇਸ ਵਿਭਾਗ ਵਿਚ ਜਰਨਲ ਛਾਪਣ ਦੀ ਗਿਣਤੀ ਘਟਦੀ ਜਾ ਰਹੀ ਹੈ।

**ਡਾ. ਅਮਰਜੀਤ ਸਿੰਘ ਸਿੱਧੂ**

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਉਨ੍ਹਾਂ ਦੀ ਵਧੀਆ ਪ੍ਰਾਪਤੀ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਪ੍ਰੈਸ ਤੇ ਪਬਲੀਕੇਸ਼ਨ ਵਿਭਾਗ ਲਈ 8 ਲੱਖ ਰੁਪਏ ਦੀ ਨਵੀਂ ਪ੍ਰਿੰਟਿੰਗ ਮਸ਼ੀਨ ਖਰੀਦੀ ਗਈ ਹੈ। ਪਿਛਲੇ ਕੁਝ ਸਾਲਾਂ ਦੀਆਂ ਅਣਛਪੀਆਂ ਕਿਤਾਬਾਂ ਦੀ ਛਪਾਈ ਕੀਤੀ ਗਈ ਹੈ।ਹੁਣ ਰੈਗੂਲਰ ਜਰਨਲ ਛਪ ਰਹੇ ਹਨ। ਹਿਸਟਰੀ, ਪੋਲੀਟੀਕਲ ਸਾਇੰਸ, ਸੋਸ਼ਿਆਲੋਜੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਸਟੱਡੀਜ਼ ਦੇ ਦੋ ਜਰਨਲ ਰੈਗੂਲਰ ਛਪ ਰਹੇ ਹਨ। ਡਾ. ਕੁਲਵੰਤ ਸਿੰਘ ਥਿੰਦ, ਜੋ ਰਿਟਾਇਰਮੈਂਟ ਉਪਰੰਤ ਅਮਰੀਕਾ ਚਲੇ ਗਏ ਹਨ, ਉਨ੍ਹਾਂ ਦੀ ਕਿਤਾਬ ਛਪ ਗਈ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਦੇ ਡਾਇਰੈਕਟਰ-ਡਾ. ਢਿੱਲੋਂ ਦੀਆਂ ਦੋ ਕਿਤਾਬਾਂ ਵੀ ਛਾਪੀਆਂ ਜਾ ਰਹੀਆਂ ਹਨ। ਡਾ. ਹਰਚੰਦ ਸਿੰਘ ਬੇਦੀ, ਡਾ. ਸੁਖਦੇਵ ਸਿੰਘ ਸੋਹਲ ਅਤੇ ਨਾਮਧਾਰੀ ਚੇਅਰ ਦੇ ਮੁਖੀ ਡਾ. ਜੋਗਿੰਦਰ ਸਿੰਘ ਦੀਆਂ ਕਿਤਾਬਾਂ ਛਾਪੀਆਂ ਜਾ ਰਹੀਆਂ ਹਨ। ਕਾਨੂੰਨ ਵਿਭਾਗ ਦੇ ਪ੍ਰੋਫੈਸਰ ਡਾ. ਕਸ਼ਮੀਰ ਸਿੰਘ ਦੀ ਕਿਤਾਬ ' On Sikh Gurdwara Act' ਛਾਪੀ ਗਈ ਹੈ।

**ਡਾ. ਸੁਖੇਦਵ ਸਿੰਘ ਖਾਹਰਾ**

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਯੂਨੀਵਰਸਿਟੀ ਦੇ ਅਕਾਦਮਿਕ, ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਦੇ ਖੇਤਰ ਵਿਚ ਅਣਮੁੱਲੀ ਪ੍ਰਾਪਤੀ ਲਈ ਬਹੁਤ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬੀ ਵਿਭਾਗ ਦੀਆਂ ਪ੍ਰਾਪਤੀਆਂ ਅਤੇ ਪਬਲੀਕੇਸ਼ਨ ਦਾ ਮਹੱਤਵਪੂਰਨ ਰੋਲ ਹੈ। ਤੁਲਨਾਤਮਿਕ ਸਾਹਿਤ ਅਤੇ ਭਾਸ਼ਾ ਬਾਰੇ 15 ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਪੈਸੇ ਦੀ ਕੋਈ ਘਾਟ ਨਹੀਂ ਹੈ। ਉਪ-ਕੁਲਪਤੀ ਸਾਹਿਬ ਵੱਲੋਂ ਫੰਡ ਵਧਾ ਕੇ ਦੁਗਣੇ ਕਰ ਦਿੱਤੇ ਗਏ। ਵਿਭਾਗ ਦੁਆਰਾ 48 ਸੈਮੀਨਾਰ ਕਰਵਾਏ ਗਏ। 4 ਮੈਮੋਰੀਅਲ ਲੈਕਚਰ ਕਰਵਾਏ ਗਏ।'ਖੋਜ ਦਰਪਣ' ਦਾ ਜਰਨਲ ਰੈਗੂਲਰ ਤੌਰ 'ਤੇ ਛਪ ਰਿਹਾ ਹੈ। ਭਾਸ਼ਾ ਵਿਭਾਗ, ਪੰਜਾਬ ਸਰਕਾਰ ਦੁਆਰਾ ਇਸ ਨੂੰ ਵਧੀਆ ਮੰਨਿਆ ਗਿਆ ਹੈ। ਦੂਜੀਆਂ ਯੂਨੀਵਰਸਿਟੀਆਂ ਵਿਚ ਇਸ ਵਿਭਾਗ ਦਾ ਨਾਂ ਹੈ।

**ਡਾ. ਐਸ. ਐਸ. ਜੋਹਲ**

ਉਨ੍ਹਾਂ ਕਿਹਾ ਕਿ ਉਪ-ਕੁਲਪਤੀ ਸਾਹਿਬ ਨੇ ਯੂਨੀਵਰਸਿਟੀ ਦੀ ਬਿਹਤਰੀ ਲਈ ਬਹੁਤ ਵਧੀਆ ਕੰਮ ਕੀਤਾ ਹੈ। ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ।

**ਪ੍ਰਿੰਸੀਪਲ ਜਗਦੀਸ਼ ਸਿੰਘ**

ਉਨ੍ਹਾਂ ਕਿਹਾ ਕਿ ਇਹ ਯੂਨੀਵਰਸਿਟੀ ਸਾਲ 1969 ਵਿਚ ਹੋਂਦ ਵਿਚ ਆਈ ਸੀ ਅਤੇ 45 ਸਾਲ ਬੀਤ ਚੁੱਕੇ ਹਨ। ਯੂਨੀਵਰਸਿਟੀ ਦਾ ਕੰਮ ਖਾਲਸਾ ਕਾਲਜ, ਅੰਮ੍ਰਿਤਸਰ ਦੀ ਬਿਲਡਿੰਗ ਵਿਚ ਕਰਨਾ ਸ਼ੁਰੂ ਕੀਤਾ ਸੀ ਅਤੇ ਦੋ ਸਾਲ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਹੀ ਚਲਦਾ ਰਿਹਾ। ਯੂਨੀਵਰਸਿਟੀ ਦੇ ਪਹਿਲੇ ਉਪ-ਕੁਲਪਤੀ

ਸ. ਬਿਸ਼ਨ ਸਿੰਘ ਸਮੁੰਦਰੀ ਅਤੇ ਸ. ਭਰਪੂਰ ਸਿੰਘ ਰਜਿਸਟਰਾਰ ਸਨ। ਇਨ੍ਹਾਂ 45 ਸਾਲਾਂ ਵਿਚ ਯੂਨੀਵਰਸਿਟੀ ਬਹੁਤ ਤਰੱਕੀ ਕਰ ਚੁੱਕੀ ਹੈ। ਯੂਨੀਵਰਸਿਟੀ ਦਾ ਪ੍ਰਬੰਧ ਹਮੇਸ਼ਾ sincere ਅਤੇ dedicated ਅਫਸਰਾਂ ਦੇ ਹੱਥ ਵਿਚ ਰਿਹਾ ਹੈ। ਯੂਨੀਵਰਸਿਟੀ ਦੀ ਇਹ ਇਕ ਬਹੁਤ ਵੱਡੀ ਉਪਲੱਬਧੀ ਹੈ ਕਿ ਇੱਥੇ 22000-23000 ਵਿਦਿਆਰਥੀ ਹਨ। ਉਨ੍ਹਾਂ ਵਾਚਿਆ ਕਿ ਇਹ ਯੂਨੀਵਰਸਿਟੀ ਹਿੰਦੁਸਤਾਨ ਦੀਆਂ ਯੂਨੀਵਰਸਿਟੀਆਂ ਵਿਚੋਂ ਕਾਫੀ ਅੱਗੇ ਹੈ।ਉਪ-ਕੁਲਪਤੀ, ਰਜਿਸਟਰਾਰ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਹੀ ਇਹ ਯੂਨੀਵਰਸਿਟੀ ਇਸ ਤਰੱਕੀ ਤੇ ਪਹੁੰਚ ਸਕੀ ਹੈ। ਸਾਨੂੰ ਇਸ ਯੂਨੀਵਰਸਿਟੀ ਤੇ ਮਾਣ ਹੈ। ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਨੂੰ ਯੂਨੀਵਰਸਟੀ ਨੂੰ ਵਧੀਆ ਤਰੀਕੇ ਨਾਲ ਚਲਾਉਣ ਲਈ ਵਧਾਈ ਦਿੱਤੀ। ਯੂਨੀਵਰਸਿਟੀ ਦਾ ਪਿਛਲੇ 45 ਸਾਲਾਂ ਤੋਂ ਮਾਹੌਲ ਬੜਾ ਸ਼ਾਂਤੀ-ਪੂਰਵਕ ਰਿਹਾ ਹੈ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀਆਂ ਬਿਹਤਰ ਪ੍ਰਾਪਤੀਆਂ ਲਈ ਸੈਨੇਟ, ਸਿੰਡੀਕੇਟ, ਅਕਾਦਮਿਕ ਕੌਂਸਲ ਅਤੇ ਪ੍ਰਿੰਸੀਪਲ ਸਾਹਿਬਾਨ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ।

**ਡਾ. ਚਰਨਜੀਤ ਸਿੰਘ ਬੱਲ**

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਪਿਛਲੇ ਪੰਜ ਸਾਲਾਂ ਤੋਂ ਉਨ੍ਹਾਂ ਦੀ ਇਸ ਪ੍ਰਸ਼ੰਸਾਯੋਗ ਕਾਮਯਾਬੀ ਲਈ ਵਧਾਈ ਦਿੱਤੀ। ਪਿਛਲੇ ਪੰਜ ਸਾਲਾਂ ਤੋਂ ਯੂਨੀਵਰਸਿਟੀ ਦਾ ਮਾਹੌਲ ਬੜਾ ਸ਼ਾਤੀ-ਪੂਰਵਕ ਰਿਹਾ ਹੈ।

**ਡਾ. ਸੁਖਦੇਵ ਸਿੰਘ**

ਉਨ੍ਹਾਂ ਕਿਹਾ ਕਿ ਮੈਨੂੰ ਇਹ ਦੱਸਦਿਆਂ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਮਾਨਤਾਂ ਪ੍ਰਾਪਤ ਕਾਲਜਾਂ ਵਿਚ ਵੀ ਲੀਵ ਇਨਕੈਸ਼ਮੈਂਟ ਸ਼ੁਰੂ ਕਰ ਦਿੱਤੀ ਗਈ ਹੈ। ਸਮੈਸਟਰ ਸਿਸਟਮ ਵੀ ਬੜਾ ਵਧੀਆ ਚੱਲ ਰਿਹਾ ਹੈ।ਯੂਨੀਵਰਸਿਟੀ ਦੇ ਰਿਜਨਲ ਕੈਂਪਸ ਵੀ ਵਧੀਆ ਚਲ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨਿਘਾਰ ਵੱਲ ਜਾ ਰਹੀ ਹੈ। ਫੌਜ ਵਿਚ ਲੜਕਿਆਂ ਦੀ ਭਰਤੀ ਦੀ ਗਿਣਤੀ ਘੱਟ ਰਹੀ ਹੈ। ਯੂਨੀਵਰਸਿਟੀ ਵੱਲੋਂ IMA ਦੀ ਟ੍ਰੇਨਿੰਗ ਲਈ ਰਿਟਾਇਰਡ ਫੌਜੀ ਅਫਸਰਾਂ ਦੁਆਰਾ ਟ੍ਰੇਨਿੰਗ ਦੇਣ ਲਈ ਸੈਂਟਰ ਖੋਲ੍ਹਿਆ ਜਾਣਾ ਚਾਹੀਦਾ ਹੈ।

**ਪ੍ਰਿੰਸੀਪਲ ਨਾਨਕ ਸਿੰਘ**

ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਉਪਲੱਬਧੀਆਂ ਹਰੇਕ ਵਿਅਕਤੀ ਦੀ ਜਾਣਕਾਰੀ ਵਿਚ ਹੋਣੀਆਂ ਚਾਹੀਦੀਆਂ ਹਨ। ਇਸ ਕਾਰਜ ਲਈ ਇਕ Booklet ਛਾਪਣੀ ਚਾਹੀਦੀ ਹੈ ਜਿਸ ਵਿਚ ਯੂਨੀਵਰਸਿਟੀ ਦੀਆਂ ਸਾਰੀਆਂ ਉਪਲੱਬਧੀਆਂ ਦਾ ਜ਼ਿਕਰ ਹੋਵੇ ਅਤੇ ਇਹ Booklet ਹਰੇਕ ਵਿਅਕਤੀ ਦੇ ਹੱਥ ਵਿਚ ਪਹੁੰਚ ਸਕੇ।

**ਡਾ. ਸੁਚਾਰਿਤਾ ਸ਼ਰਮਾ**

ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਵਿਚ ਥਿਏਟਰ ਅਤੇ ਫਾਈਨ ਆਰਟਸ ਦਾ ਵਿਭਾਗ ਵੀ ਹੋਣਾ ਚਾਹੀਦਾ ਹੈ।

**<u>ਉਪ-ਕੁਲਪਤੀ ਸਾਹਿਬ</u>**

ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਦੀ ਬਿਹਤਰੀ ਲਈ ਰਜਿਸਟਰਾਰ ਸਾਹਿਬ ਦਾ ਵੀ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਪੂਰੀ ਸੁਰੱਖਿਆ ਮੁਹੱਈਆ ਕੀਤੀ ਜਾ ਰਹੀ ਹੈ। ਪਿਛਲੇ ਸਾਲਾਂ ਦੌਰਾਨ ਅਧਿਆਪਨ, ਗੈਰ ਅਧਿਆਪਨ ਕਰਮਚਾਰੀ ਜਾਂ ਵਿਦਿਆਰਥੀਆਂ ਵਿਚੋਂ ਕਿਸੇ ਨੇ ਵੀ ਉਨ੍ਹਾਂ ਨੂੰ ਖੋਜ ਸਬੰਧੀ ਆ ਰਹੀਆਂ ਸਮੱਸਿਆਵਾਂ ਬਾਰੇ ਜ਼ਿਕਰ ਨਹੀਂ ਕੀਤਾ। ਜਦੋਂ ਸਮੈਸਟਰ ਸਿਸਟਮ, ਪ੍ਰੀ-ਪੀਐਚ.ਡੀ. ਕੋਰਸ ਲਈ ਦਾਖਲਾ ਟੈਸਟ ਸ਼ੁਰੂ ਕਰਨ ਲਈ initiate ਕੀਤਾ ਗਿਆ ਤਾਂ ਵਿਦਿਆਰਥੀਆਂ ਨੂੰ ਇਹ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਜੋ ਵਿਦਿਆਰਥੀ ਯੂਨੀਵਰਸਿਟੀ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ, ਉਨ੍ਹਾਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।

ਉਨ੍ਹਾਂ ਖਾਲਸਾ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਦੀ ਵਿਦਿਆਰਥਣ-ਨਵਜੀਤ ਕੌਰ ਢਿੱਲੋਂ ਨੂੰ ਅੰਤਰ-ਰਾਸ਼ਟਰੀ ਪੱਧਰ ਦਾ ਕਾਂਸੇ ਦਾ (Bronze) ਮੈਡਲ ਜਿੱਤਣ ਲਈ ਵਧਾਈ ਦਿੱਤੀ। ਯੂਨੀਵਰਸਿਟੀ ਉਸ ਨੂੰ 31000/- ਰੁਪਏ ਦੀ ਰਾਸ਼ੀ ਦਾ ਨਕਦ ਇਨਾਮ ਦੇਵੇਗੀ। ਪ੍ਰਿੰਸੀਪਲ, ਖਾਲਸਾ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਵੱਲੋਂ ਉਸ ਨੂੰ 51,000/- ਰੁਪਏ ਦੀ ਨਕਦ ਰਾਸ਼ੀ ਦਾ ਇਨਾਮ ਦਿੱਤਾ ਜਾ ਰਿਹਾ ਹੈ। ਯੂਨੀਵਰਿਸਟੀ ਰਿਜਨਲ ਕੈਂਪਸ, ਜਲੰਧਰ ਦੇ ਵਿਦਿਆਰਥੀਆਂ ਦੀ ਪਲੈਸਮੈਂਟ ਹੋਈ ਹੈ ਅਤੇ 400 ਵਿਦਿਆਰਥੀਆਂ ਨੂੰ ਨੌਕਰੀ ਮਿਲੀ ਹੈ। ਐਮ.ਐਡ. ਦੇ 4 ਵਿਦਿਆਰਥੀਆਂ ਨੇ ਯੂ.ਜੀ.ਸੀ. ਟੈਸਟ ਪਾਸ ਕੀਤਾ ਹੈ।

**ਸਮੂਹ ਮੈਂਬਰ ਸਾਹਿਬਾਨ ਨੇ ਉਕਤ ਪ੍ਰਾਪਤੀਆਂ ਲਈ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ।**

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਸ਼ਰਨਜੀਤ ਸਿੰਘ ਢਿੱਲੋਂ)
ਰਜਿਸਟਰਾਰ

**<u>ਪੱਕੀ ਕੀਤੀ ਗਈ</u>**

(ਅ.ਸ. ਬਰਾੜ)
ਉਪ-ਕੁਲਪਤੀ